ਪਾਠ- 13

# ਵਤਨ

ਮੇਰੇ ਵਤਨ! ਸਾਂਈਂ ਤੈਨੂੰ ਭਾਗ ਲਾਏ,
ਦੇ ਕੇ ਬਰਕਤਾਂ ਸਭ ਸਮਾਨ ਸੋਹਣੇ।
ਤੇਰੇ ਸੋਹਣੇ ਦਰਿਆ, ਪਹਾੜ ਸੋਹਣੇ,
ਜੰਗਲ਼, ਜੂਹ ਤੇ ਬਾਗ਼, ਮੈਦਾਨ ਸੋਹਣੇ।

ਸੋਹਣੇ ਫਲ਼, ਮੇਵੇ ਤੇਰੇ ਆਏ ਵਿਰਸੇ,
ਬਾਂਕੇ ਗੱਭਰੂ, ਛੈਲ-ਜਵਾਨ ਸੋਹਣੇ।
ਜੰਮੇ, ਪਲ਼ੇ, ਖੇਡੇ ਤੇਰੀ ਗੋਦ ਅੰਦਰ,
ਧਨੀ ਤੇਗ਼ ਦੇ ਬੀਰ, ਬਲਵਾਨ ਸੋਹਣੇ।

ਪੈਦਾ ਕੀਤੇ ਤੂੰ ਸੂਰਮੇ ਮਹਾਂਯੋਧੇ,
ਰਾਜੇ, ਮਹਾਰਾਜੇ ਤੇ ਸੁਲਤਾਨ ਸੋਹਣੇ।
ਸਾਨੀ ਕੋਈ ਨਹੀਂ ਤੇਰਾ ਜਹਾਨ ਅੰਦਰ,
ਉੱਚੀ ਸ਼ਾਨ ਵਾਲ਼ੇ ਹਿੰਦੁਸਤਾਨ ਸੋਹਣੇ।

ਥਾਂ-ਥਾਂ 'ਤੇ ਖ਼ੂਬ ਬਹਾਰ ਲਾਈ,
ਤੇਰੇ ਝਰਨਿਆਂ, ਛੰਭਾਂ, ਫੁਹਾਰਿਆਂ ਨੇ।
ਪਈਆਂ ਯਾਦ ਕਰਾਉਂਦੀਆਂ ਯਾਦਗਾਰਾਂ,
ਏਥੇ ਬੰਦਗੀ ਕੀਤੀ ਪਿਆਰਿਆਂ ਨੇ।

ਤੈਨੂੰ ਸੱਚਾ ਸ੍ਵਰਗ ਬਣਾ ਦਿੱਤਾ,
ਮੰਦਰ, ਮਸਜਦਾਂ ਤੇ ਗੁਰਦਵਾਰਿਆਂ ਨੇ।
ਤੇਰਾ ਜੱਗ ਅੰਦਰ ਉੱਘਾ ਨਾਂ ਕੀਤਾ,

ਜੁੱਧ-ਜੰਗ, ਭੇੜਾਂ, ਘੱਲੂਘਾਰਿਆਂ ਨੇ।
ਤੇਰੀ ਗੋਦ ਵਿੱਚ ਲੱਖਾਂ ਸ਼ਹੀਦ ਸੁੱਤੇ,
ਜਿਹੜੇ ਅਣਖ ਲਈ ਹੋਏ ਕੁਰਬਾਨ ਸੋਹਣੇ।
ਤੇਰੇ 'ਕਿਣਕਿਆਂ' ਦੇ ਅੰਦਰ ਬੀਰਤਾ ਹੈ,
ਮੇਰੇ ਵਤਨ ਪਿਆਰੇ, ਹਿੰਦੁਸਤਾਨ ਸੋਹਣੇ।

ਜਨਮ-ਭੂਮੀ ਤੂੰ ਕੌਰਵਾਂ, ਪਾਂਡਵਾਂ ਦੀ,
ਤੇਰੀ ਗੋਦ ਵਿੱਚ ਕ੍ਰਿਸ਼ਨ ਮੁਰਾਰ ਆਏ।
ਤੇਰੀ ਸੋਹਣੀ ਤਲਵੰਡੀ 'ਤੇ ਗੁਰੂ ਨਾਨਕ,
ਕਹਿੰਦੇ 'ਸਤਿ ਕਰਤਾਰ, ਕਰਤਾਰ' ਆਏ।

ਅਕਬਰ ਜਿਹਾਂ ਆ ਐਥੇ ਨਿਆਂ ਕੀਤੇ,
ਚਿਸ਼ਤੀ ਜਿਹੇ ਵੀਂ ਵਲੀ ਹਜ਼ਾਰ ਆਏ।
ਤੇਰੀ ਸੋਹਣੀ ਸੁਹਾਵਣੀ ਭੋਇੰ ਉੱਤੇ,
ਗੁਰੂ, ਪੀਰ, ਪੈਗ਼ੰਬਰ, ਅਵਤਾਰ ਆਏ।

ਤੂੰ ਹੀ ਗੁਰੂ ਹੈਂ ਫ਼ਲਸਫ਼ੇ, ਸਾਇੰਸਾਂ ਦਾ,
ਤੇਰੇ ਵਿੱਚ ਹੀ ਹੋਏ ਗਿਆਨ ਸੋਹਣੇ।
ਬੇਸ਼ੱਕ ਹੋਣਗੇ ਚੀਨ, ਜਪਾਨ ਸੋਹਣੇ,
ਸੋਹਣਾ ਤੂੰ ਸਭ ਤੋਂ, ਹਿੰਦੁਸਤਾਨ ਸੋਹਣੇ।

ਮੇਰੀ ਆਤਮਾ ਸਦਾ ਹੀ ਰਹੇ ਵਿੰਹਦੀ,
ਤੇਰੀਆਂ ਯਾਦਗਾਰਾਂ ਤੇ ਨਿਸ਼ਾਨ ਸੋਹਣੇ।
'ਤੀਰ' ਦਿਲੋਂ ਇਹ ਸਦਾ ਅਸੀਸ ਨਿਕਲ਼ੇ,
'ਯੁੱਗ ਵੱਸ ਮੇਰੇ, ਹਿੰਦੁਸਤਾਨ ਸੋਹਣੇ।'

## ਪਾਠ- ਅਭਿਆਸ

1. **ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :-**

   (1) ਵਤਨ ਕਵਿਤਾ ਕਿਸ ਲੇਖਕ ਦੀ ਰਚਨਾ ਹੈ?

   (2) ਕਵੀ ਨੂੰ ਵਿਰਸੇ ਵਿੱਚ ਕੀ-ਕੀ ਮਿਲ਼ਿਆ?

   (3) ਕਵਿਤਾ ਵਿੱਚ ਕਿਹੜੀਆਂ ਬਰਕਤਾਂ ਦਾ ਵਰਨਣ ਹੈ?

   (4) ਤਲਵੰਡੀ ਦੀ ਧਰਤੀ 'ਤੇ ਕਿਨ੍ਹਾਂ ਦਾ ਜਨਮ ਹੋਇਆ?

   (5) ਕਵੀ ਦੀ ਆਤਮਾ ਹਰ ਵੇਲ਼ੇ ਕੀ ਦੇਖਣਾ ਲੋਚਦੀ ਹੈ?

2. **ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :-**

   1. ਕਿਹੜੀਆਂ ਚੀਜ਼ਾਂ ਨੇ ਵਤਨ ਨੂੰ ਸੁਰਗ ਬਣਾ ਦਿੱਤਾ?

   2. ਵਤਨ ਦੀ ਭੂਮੀ 'ਤੇ ਕਿਹੜੇ-ਕਿਹੜੇ ਪੀਰ-ਪੈਗ਼ੰਬਰਾਂ ਨੇ ਜਨਮ ਲਿਆ?

   3. ਕਵੀ ਨੇ ਵਤਨ ਦੇ ਸੁਹੱਪਣ ਦਾ ਕਿਵੇਂ ਵਰਨਣ ਕੀਤਾ ਹੈ?

4. **ਸਰਲ ਅਰਥ ਕਰੋ :**

   ਤੇਰੀ ਗੋਦ ਵਿੱਚ ਲੱਖਾਂ ਸ਼ਹੀਦ ਸੁੱਤੇ,
   ਜਿਹੜੇ ਅਣਖ ਲਈ ਹੋਏ ਕੁਰਬਾਨ ਸੋਹਣੇ।
   ਤੇਰੇ 'ਕਿਣਕਿਆਂ' ਦੇ ਅੰਦਰ ਬੀਰਤਾ ਹੈ,
   ਮੇਰੇ ਵਤਨ ਪਿਆਰੇ, ਹਿੰਦੁਸਤਾਨ ਸੋਹਣੇ।

   ਜਾਂ

   ਮੇਰੀ ਆਤਮਾ ਸਦਾ ਹੀ ਰਹੇ ਵਿੰਹਦੀ,
   ਤੇਰੀਆਂ ਯਾਦਗਾਰਾਂ ਤੇ ਨਿਸ਼ਾਨ ਸੋਹਣੇ।
   'ਤੀਰ' ਦਿਲੋਂ ਇਹ ਸਦਾ ਅਸੀਸ ਨਿਕਲ਼ੇ,
   ਯੁੱਗ ਵੱਸ ਮੇਰੇ, ਹਿੰਦੁਸਤਾਨ ਸੋਹਣੇ।

5. **ਕਵਿਤਾ ਦੀਆਂ ਸਤਰਾਂ ਪੜ੍ਹ ਕੇ ਉੱਤਰ ਦਿਓ :**

   ਜਨਮ-ਭੂਮੀ ਤੂੰ ਕੌਰਵਾਂ, ਪਾਂਡਵਾਂ ਦੀ,
   ਤੇਰੀ ਗੋਦ ਵਿੱਚ ਕ੍ਰਿਸ਼ਨ ਮੁਰਾਰ ਆਏ।

6. ਹਿੰਦੁਸਤਾਨ ਨੂੰ ਕਿਨ੍ਹਾਂ ਮਹਾਂਪੁਰਸ਼ਾਂ ਦੀ ਜਨਮ-ਭੂਮੀ ਕਿਹਾ ਜਾਂਦਾ ਹੈ?

7. **ਖ਼ਾਲੀ ਥਾਂਵਾਂ ਭਰੋ :**

ਸੱਚਾ ਸੁਰਗ, ਫ਼ਲਸਫ਼ੇ-ਸਾਇੰਸਾਂ, ਸੁਲਤਾਨ, ਬਹਾਰ, ਸ਼ਹੀਦ

1. ਰਾਜੇ, ਮਹਾਰਾਜੇ ਤੇ ________ ਸੋਹਣੇ।
2. ਥਾਂ-ਥਾਂ 'ਤੇ ਖ਼ੂਬ ________ ਲਾਈ।
3. ਤੈਨੂੰ ________ ਬਣਾ ਦਿੱਤਾ।
4. ਤੇਰੀ ਗੋਦ ਵਿੱਚ ਲੱਖਾਂ ________ ਸੁੱਤੇ।
5. ਤੂੰ ਹੀ ਗੁਰੂ ਹੈਂ, ________ ਦਾ।

8. **ਵਾਕਾਂ ਵਿੱਚ ਵਰਤੋ :**

ਭਾਗ ਲਾਉਣਾ –

ਬਰਕਤਾਂ –

ਛੈਲ-ਜਵਾਨ –

ਬਲਵਾਨ –

ਬੰਦਗੀ ਕਰਨਾ –

ਘੁੱਗ ਵੱਸਣਾ –

9. **ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ।**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਬਾਗ਼ | बाग़ | Garden |
| ਬਲਵਾਨ | | |
| ਸੋਹਣਾ | | |
| ਸ਼ਹੀਦ | | |
| ਗਿਆਨ | | |
| ਆਤਮਾ | | |

**ਅਧਿਆਪਕ ਲਈ :**

ਵਿਸ਼ਾ – ਅਧਿਆਪਕ ਵਿਦਿਆਰਥੀਆਂ ਨੂੰ ਇਹ ਕਵਿਤਾ ਸੁਰ-ਲੈਅ ਨਾਲ਼ ਗਾ ਕੇ ਸੁਣਾਏਗਾ।

* * *